CDTFA
CALIFORNIA DEPARTMENT OF TAX AND FEE ADMINISTRATION



# ਕੈਲੀਫੋਰਨੀਆ

# IFTA

## ਅੰਤਰਰਾਸ਼ਟਰੀ ਈਂਧਨ ਟੈਕਸ ਸਮਝੌਤੇ ਦੀ ਜਾਣ-ਪਛਾਣ

## ਅੰਤਰਰਾਜੀ ਮੋਟਰ ਕੈਰੀਅਰਾਂ ਲਈ ਏਕੀਕਿਰ੍ਤ ਈਂਧਨ ਟੈਕਸ ਰਿਪੋਰਟਿੰਗ

## IFTA ਕੀ ਹੈ?

IFTA—ਅੰਤਰਰਾਸ਼ਟਰੀ ਈਂਧਨ ਸਮਝੌਤਾ— ਸੰਯੁਕਤ ਰਾਜ ਅਤੇ ਕੈਨੇਡਾ ਦੇ ਰਾਜਾਂ ਅਤੇ ਸੂਬਿਆਂ ਵਿਚਕਾਰ ਇੱਕ ਸਹਿਕਾਰੀ ਸਮਝੌਤਾ ਹੈ। ਇਹ ਅੰਤਰਰਾਜੀ ਮੋਟਰ ਕੈਰੀਅਰਾਂ ਲਈ ਈਂਧਨ ਟੈਕਸ ਲਾਇਸੰਸ ਅਤੇ ਰਿਪੋਰਟਿੰਗ ਸੰਬੰਧੀ ਜ਼ਰੂਰਤਾਂ ਨੂੰ ਸਰਲ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਕੈਲੀਫੋਰਨੀਆ ਵਿੱਚ, IFTA ਦਾ ਪਰ੍ਬੰਧਨ California Department of Tax and Fee Administration (ਕੈਲੀਫੋਰਨੀਆ ਦਾ ਟੈਕਸ ਅਤੇ ਫੀਸ ਪਰ੍ਸ਼ਾਸਨ ਵਿਭਾਗ, CDTFA) ਦੁਆਰਾ ਕੀਤਾ ਜਾਂਦਾ ਹੈ।

## ਮੈਨੂੰ IFTA ਲਈ ਕਿਉਂ ਰਜਿਸਟਰ ਕਰਨਾ ਚਾਹੀਦਾ ਹੈ?

IFTA ਅੰਤਰਰਾਜੀ ਮੋਟਰ ਕੈਰੀਅਰਾਂ ਨੂੰ ਕਈ ਫਾਇਦੇ ਪਰ੍ਦਾਨ ਕਰਦਾ ਹੈ, ਜੋ ਦੋ ਜਾਂ ਦੋ ਤੋਂ ਵੱਧ ਮੈਂਬਰ ਰਾਜਾਂ ਜਾਂ ਸੂਬਿਆਂ ਵਿੱਚ ਕੰਮ ਕਰਦੇ ਹਨ। IFTA ਦੇ ਤਹਿਤ, ਤੁਸੀਂ:

- ਇੱਕ IFTA-ਮੈਂਬਰ ਰਾਜ ਜਾਂ ਸੂਬੇ ਨਾਲ ਆਪਣੇ "ਆਧਾਰ ਅਧਿਕਾਰ ਖੇਤਰ" ਵਜੋਂ ਰਜਿਸਟਰ ਕਰੋਂਗੇ;
- ਆਪਣੇ ਸਾਰੇ ਯੋਗ ਮੋਟਰ ਵਾਹਨਾਂ ਲਈ ਇੱਕ ਸਿੰਗਲ ਫਿਊਲ ਟੈਕਸ ਲਾਇਸੰਸ ਪਰ੍ਾਪਤ ਕਰੋਂਗੇ, ਉਹਨਾਂ ਨੂੰ ਸਾਰੇ IFTA ਅਧਿਕਾਰ ਖੇਤਰਾਂ ਵਿੱਚ ਯਾਤਰਾ ਕਰਨ ਲਈ ਅਧਿਕਾਰਤ ਕਰੋਂਗੇ; ਅਤੇ
- ਸਾਰੇ IFTA ਅਧਿਕਾਰ ਖੇਤਰਾਂ ਲਈ ਈਂਧਨ ਦੀ ਵਰਤੋਂ ਅਤੇ ਮਾਈਲੇਜ ਦੀ ਰਿਪੋਰਟ ਕਰਨ ਲਈ ਆਪਣੇ ਅਧਾਰ ਅਧਿਕਾਰ ਖੇਤਰ ਨਾਲ ਹਰ ਤਿਮਾਹੀ ਵਿੱਚ ਸਿਰਫ਼ ਇੱਕ ਟੈਕਸ ਰਿਟਰਨ ਫ਼ਾਈਲ ਕਰੋਂਗੇ।

ਇਸਤੋਂ ਇਲਾਵਾ, ਤੁਹਾਡੇ ਈਂਧਨ ਟੈਕਸ ਰਿਕਾਰਡਾਂ ਦਾ ਆਮ ਤੌਰ 'ਤੇ ਸਿਰਫ਼ ਤੁਹਾਡੇ ਆਧਾਰ ਅਧਿਕਾਰ ਖੇਤਰ ਦੁਆਰਾ ਲੇਖਾ-ਜੋਖਾ ਕੀਤਾ ਜਾਵੇਗਾ।

## ਕੀ IFTA ਰਜਿਸਟਰੇ੍ਸ਼ਨ ਦਾ ਕੋਈ ਵਿਕਲਪ ਹੈ?

ਹਾਂ। ਜੇਕਰ ਤੁਸੀਂ IFTA ਲਈ ਯੋਗ ਹੋ, ਪਰ ਰਜਿਸਟਰ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ *ਹਰ* ਵਾਰ ਇਸ ਵਿੱਚ ਯਾਤਰਾ ਕਰਦੇ ਸਮੇਂ ਤੁਹਾਨੂੰ ਹਰੇਕ ਮੈਂਬਰ ਰਾਜ ਜਾਂ ਸੂਬੇ ਤੋਂ ਇੱਕ ਈਂਧਨ ਯਾਤਰਾ ਪਰਮਿਟ ਪਰ੍ਾਪਤ ਕਰਨਾ ਚਾਹੀਦਾ ਹੈ। ਕੈਲੀਫੋਰਨੀਆ ਵਾਪਸ ਜਾਣ ਤੋਂ ਪਹਿਲਾਂ ਤੁਹਾਨੂੰ ਚਾਰ ਦਿਨਾਂ ਦੀ ਈਂਧਨ ਯਾਤਰਾ ਪਰਮਿਟ ($30 ਲਈ) ਖਰੀਦਣ ਦੀ ਵੀ ਜ਼ਰੂਰਤ ਹੋਵੇਗੀ।

ਗੈਰ-IFTA ਅਧਿਕਾਰ ਖੇਤਰਾਂ ਵਿੱਚ ਯਾਤਰਾ ਕਰਨ ਵਾਲੇ ਕੈਰੀਅਰਾਂ ਨੂੰ ਉਹਨਾਂ ਅਧਿਕਾਰ ਖੇਤਰਾਂ ਦੀਆਂ ਈਂਧਨ ਟੈਕਸ ਰਿਪੋਰਟਿੰਗ ਸੰਬੰਧੀ ਜ਼ਰੂਰਤਾਂ ਦੀ ਪਾਲਣਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

## IFTA ਦੇ ਅਧੀਨ "ਯੋਗ ਮੋਟਰ ਵਹੀਕਲ" ਕੀ ਹੈ?

ਕਿਸੇ ਕਾਰੋਬਾਰ ਦੇ ਸਬੰਧ ਵਿੱਚ ਲੋਕਾਂ ਜਾਂ ਜਾਇਦਾਦ ਨੂੰ ਲਿਜਾਣ ਲਈ ਵਰਤਿਆ ਜਾਂ ਡਿਜ਼ਾਇਨ ਕੀਤਾ ਗਿਆ ਵਾਹਨ ਇੱਕ ਯੋਗ ਮੋਟਰ ਵਾਹਨ ਹੈ, ਜੇਕਰ ਇਹ ਇਹਨਾਂ ਯੋਗਤਾਵਾਂ ਵਿੱਚੋਂ *ਕਿਸੇ ਇੱਕ* ਨੂੰ ਪੂਰਾ ਕਰਦਾ ਹੈ:

- ਇਸ ਵਿੱਚ ਦੋ ਐਕਸਲ ਅਤੇ ਵਾਹਨ ਦਾ ਕੁੱਲ ਜਾਂ ਰਜਿਸਟਰਡ ਵਾਹਨ ਦਾ ਕੁੱਲ ਭਾਰ 26,000 ਪੌਂਡ ਜਾਂ 11,797 ਕਿਲੋਗਰ੍ਾਮ ਤੋਂ ਵੱਧ ਹੈ।
- ਭਾਰ ਦੀ ਪਰਵਾਹ ਕੀਤੇ ਬਿਨਾਂ ਇਸ ਵਿੱਚ ਤਿੰਨ ਜਾਂ ਵੱਧ ਐਕਸਲ (ਸਿਰਫ਼ ਪਾਵਰ ਯੂਨਿਟ) ਹਨ।
- ਇਸਨੂੰ ਇੱਕ ਅਜਿਹੇ ਸੁਮੇਲ ਵਿੱਚ ਵਰਤਿਆ ਜਾਂਦਾ ਹੈ, ਜਿਸਦਾ ਸੰਯੁਕਤ ਜਾਂ ਰਜਿਸਟਰਡ ਵਾਹਨ ਦਾ ਕੁੱਲ ਭਾਰ 26,000 ਪੌਂਡ ਜਾਂ 11,797 ਕਿਲੋਗਰ੍ਾਮ ਤੋਂ ਵੱਧ ਹੈ।

ਇੱਕ ਮਨੋਰੰਜਕ ਵਾਹਨ, ਜਿਵੇਂ ਕਿ ਇੱਕ ਮੋਟਰ ਹੋਮ ਜਾਂ ਇੱਕ ਕੈਂਪਰ ਦੇ ਨਾਲ ਪਿਕਅੱਪ ਨੂੰ ਇੱਕ ਯੋਗ ਮੋਟਰ ਵਾਹਨ ਨਹੀਂ ਮੰਨਿਆ ਜਾਂਦਾ ਹੈ, ਜਦੋਂ ਕੋਈ ਵਿਅਕਤੀ ਇਸਨੂੰ ਨਿੱਜੀ ਵਰਤੋਂ ਲਈ ਵਿਸ਼ੇਸ਼ ਤੌਰ 'ਤੇ ਚਲਾਉਂਦਾ ਹੈ। ਕਿਸੇ ਕਾਰੋਬਾਰ ਦੇ ਸਬੰਧ ਵਿੱਚ ਵਰਤੇ ਜਾਣ ਵਾਲੇ ਵਾਹਨ ਜਾਂ ਕਾਰੋਬਾਰ ਦੇ ਨਾਮ ਹੇਠ ਰਜਿਸਟਰਡ ਵਾਹਨਾਂ ਨੂੰ ਮਨੋਰੰਜਨ ਨਹੀਂ ਮੰਨਿਆ ਜਾਂਦਾ ਹੈ।

## ਮੈਂ IFTA ਪਰ੍ਮਾਣ-ਪੱਤਰਾਂ ਦੀ ਵਰਤੋਂ ਕਰਕੇ ਕਿੱਥੇ ਯਾਤਰਾ ਕਰ ਸਕਦਾ/ਦੀ ਹਾਂ?

IFTA ਪਰ੍ਮਾਣ-ਪੱਤਰ ਯੂ.ਐੱਸ. ਦੇ 48 ਰਾਜਾਂ ਅਤੇ ਕੈਨੇਡਾ ਦੇ ਦਸ ਸੂਬਿਆਂ ਵਿੱਚ ਯਾਤਰਾ ਲਈ ਵੈਧ ਹਨ।

ਹੇਠਾਂ ਸੂਚੀਬੱਧ ਕੀਤੇ ਅਧਿਕਾਰ ਖੇਤਰ IFTA ਮੈਂਬਰ ਨਹੀਂ ਹਨ ਅਤੇ IFTA ਪਰ੍ਮਾਣ-ਪੱਤਰ ਉੱਥੇ ਯਾਤਰਾ ਲਈ *ਵੈਧ ਨਹੀਂ* ਹਨ:

**ਯੂਨਾਈਟਿਡ ਸਟੇਟਸ:** ਅਲਾਸਕਾ • ਹਵਾਈ • ਡਿਸਟਿਰ੍ਕਟ ਆਫ਼ ਕੋਲੰਬੀਆ

**ਕੈਨੇਡਾ:** ਉੱਤਰ ਪੱਛਮੀ ਪਰ੍ਦੇਸ਼ • ਨੂਨਾਵੁਤ • ਯੂਕੋਨ ਪਰ੍ਦੇਸ਼

**ਮੈਕਸੀਕੋ:** ਸਾਰੇ ਰਾਜ • ਫੈਡਰਲ ਡਿਸਟਿਰ੍ਕਟ

ਕਰਦੇ ਹੋ, ਤਾਂ ਤੁਸੀਂ IFTA ਲਾਇਸੰਸ ਲਈ ਯੋਗ ਨਹੀਂ ਹੋ, ਪਰ ਤੁਹਾਨੂੰ ਇੱਕ ਅੰਤਰਰਾਜੀ ਉਪਭੋਗਤਾ ਡੀਜ਼ਲ ਈਧਨ ਟੈਕਸ ਲਾਇਸੰਸ (DI ਲਾਇਸੰਸ) ਦੀ ਜ਼ਰੂਰਤ ਪੈ ਸਕਦੀ ਹੈ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ।

## IFTA ਕਿਹੜੇ ਟੈਕਸ ਅਤੇ ਈਧਨ ਨੂੰ ਕਵਰ ਕਰਦਾ ਹੈ?

**ਟੈਕਸ।** IFTA ਸਿਰਫ਼ ਈਧਨ ਟੈਕਸਾਂ ਨੂੰ ਕਵਰ ਕਰਦਾ ਹੈ। ਇਹ ਰੋਡ ਟੈਕਸ, ਵਜ਼ਨ ਮਾਈਲੇਜ ਟੈਕਸ, ਜਾਂ ਕੋਈ ਹੋਰ ਅਧਿਕਾਰ ਖੇਤਰ ਵਿਸ਼ੇਸ਼ ਟੈਕਸਾਂ ਨੂੰ ਕਵਰ ਨਹੀਂ ਕਰਦਾ ਹੈ। ਤੁਹਾਨੂੰ ਇਹਨਾਂ ਟੈਕਸਾਂ ਦਾ ਸਿੱਧੇ ਅਧਿਕਾਰ ਖੇਤਰਾਂ ਵਿੱਚ ਭੁਗਤਾਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਜਿੱਥੇ ਤੁਸੀਂ ਯਾਤਰਾ ਕਰਦੇ ਹੋ।

**ਈਧਨ।** IFTA ਦੇ ਤਹਿਤ, ਤੁਹਾਨੂੰ ਆਮ ਤੌਰ 'ਤੇ ਤੁਹਾਡੇ ਯੋਗ ਵਾਹਨਾਂ ਨੂੰ ਪਾਵਰ ਦੇਣ ਲਈ ਵਰਤੇ ਜਾਣ ਵਾਲੇ ਸਾਰੇ ਈਧਨਾਂ ਬਾਰੇ ਜਾਣਕਾਰੀ ਦੀ ਰਿਪੋਰਟ ਕਰਨੀ ਚਾਹੀਦੀ ਹੈ। ਹਾਲਾਂਕਿ, ਹਰੇਕ ਅਧਿਕਾਰ ਖੇਤਰ ਵਿੱਚ ਵਰਤੇ ਜਾਣ ਵਾਲੇ ਈਧਨ ਲਈ ਰਿਪੋਰਟਿੰਗ ਸੰਬੰਧੀ ਜ਼ਰੂਰਤਾਂ ਉਸ ਵਿਸ਼ੇਸ਼ ਅਧਿਕਾਰ ਖੇਤਰ ਦੇ ਕਾਨੂੰਨਾਂ 'ਤੇ ਆਧਾਰਿਤ ਹਨ ਅਤੇ ਵੱਖ-ਵੱਖ ਹੋ ਸਕਦੀਆਂ ਹਨ।

ਉਦਾਹਰਨ ਲਈ, ਕੈਲੀਫੋਰਨੀਆ ਨੂੰ ਕੈਰੀਅਰਾਂ ਨੂੰ ਇਸ ਰਾਜ ਵਿੱਚ ਮੀਲਾਂ ਦੀ ਯਾਤਰਾ ਕਰਨ ਲਈ ਡੀਜ਼ਲ (ਬਾਇਓਡੀਜ਼ਲ ਸਮੇਤ), ਅਲਕੋਹਲ ਈਧਨ, ਅਤੇ "ਈਧਨ ਦੀ ਵਰਤੋਂ" ਦੀ ਰਿਪੋਰਟ ਕਰਨ ਦੀ ਜ਼ਰੂਰਤ ਹੁੰਦੀ ਹੈ। ਸਭ ਤੋਂ ਆਮ ਵਰਤੋਂ ਵਾਲੇ ਈਧਨ ਹਨ LPG, LNG, CNG, ਅਤੇ ਅਲਕੋਹਲ ਈਧਨ (ਈਥਾਨੌਲ, ਮੀਥੇਨੌਲ, E-85, ਅਤੇ M-85।) ਕੈਲੀਫੋਰਨੀਆ ਨੂੰ ਕੈਰੀਅਰਾਂ ਨੂੰ ਗੈਸੋਲੀਨ, ਕੁਦਰਤੀ ਗੈਸੋਲੀਨ, ਜਾਂ ਗੈਸੋਲੀਨ/ਅਲਕੋਹਲ ਮਿਸ਼ਰਣਾਂ ਦੀ ਵਰਤੋਂ ਦੀ ਰਿਪੋਰਟ ਕਰਨ ਦੀ ਜ਼ਰੂਰਤ ਨਹੀਂ ਹੈ, ਜਿਸ ਵਿੱਚ 15 ਪਰ੍ਤੀਸ਼ਤ ਤੋਂ ਵੱਧ ਗੈਸੋਲੀਨ ਹੁੰਦਾ ਹੈ। ਜੇਕਰ ਤੁਹਾਡੇ ਵਾਹਨ ਡੀਜ਼ਲ ਤੋਂ ਇਲਾਵਾ ਕਿਸੇ ਹੋਰ ਈਧਨ ਦੀ ਵਰਤੋਂ ਕਰਦੇ ਹਨ, ਤਾਂ ਕਿਰਪਾ ਕਰਕੇ ਆਪਣੀਆਂ ਰਿਪੋਰਟਿੰਗ ਸੰਬੰਧੀ ਜ਼ਰੂਰਤਾਂ ਬਾਰੇ ਸਾਡੇ ਨਾਲ ਸੰਪਰਕ ਕਰੋ।

## ਕੀ ਮੈਨੂੰ ਕੈਲੀਫੋਰਨੀਆ ਵਿੱਚ IFTA ਲਈ ਰਜਿਸਟਰ ਕਰਨਾ ਚਾਹੀਦਾ ਹੈ?

ਜੇਕਰ ਹੇਠਾਂ ਦਿੱਤੇ ਸਾਰੇ ਲਾਗੂ ਹੁੰਦੇ ਹਨ, ਤਾਂ ਤੁਹਾਨੂੰ ਕੈਲੀਫੋਰਨੀਆ ਨਾਲ ਆਪਣੇ ਅਧਾਰ ਅਧਿਕਾਰ ਖੇਤਰ ਵਜੋਂ ਰਜਿਸਟਰ ਕਰਨਾ ਚਾਹੀਦਾ ਹੈ:

- ਕੈਲੀਫੋਰਨੀਆ ਮੋਟਰ ਵਹੀਕਲਜ਼ (DMV) ਦੇ ਨਾਲ ਵਾਹਨ ਰਜਿਸਟਰੇ੍ਸ਼ਨ ਲਈ ਤੁਹਾਡੇ ਯੋਗ ਮੋਟਰ ਵਾਹਨ ਕੈਲੀਫੋਰਨੀਆ ਵਿੱਚ ਸਥਿੱਤ ਹਨ।
- ਤੁਸੀਂ ਕੈਲੀਫੋਰਨੀਆ ਵਿੱਚ ਕਾਰੋਬਾਰ ਦੇ ਇੱਕ ਸਥਾਪਿਤ ਭੌਤਿਕ ਸਥਾਨ ਤੋਂ ਕੰਮ ਕਰਦੇ ਹੋ (ਇੱਕ ਪੋਸਟ ਆਫ਼ਿਸ ਬਾਕਸ, ਮੇਲ ਡਰਾਪ ਪਤਾ, ਜਾਂ ਏਜੰਟ ਦਾ ਪਤਾ ਯੋਗ ਨਹੀਂ ਹੁੰਦਾ)।
- ਤੁਹਾਡੇ ਫਲੀਟ ਦੇ ਯੋਗ ਮੋਟਰ ਵਾਹਨ ਕੈਲੀਫੋਰਨੀਆ ਹਾਈਵੇਅ 'ਤੇ ਯਾਤਰਾ ਕਰਦੇ ਹਨ।
- ਤੁਸੀਂ ਕੈਲੀਫੋਰਨੀਆ ਵਿੱਚ ਆਪਣੇ ਯੋਗ ਮੋਟਰ ਵਾਹਨਾਂ ਲਈ ਸੰਚਾਲਨ ਨਿਯੰਤਰ੍ਣ ਅਤੇ ਸੰਚਾਲਨ ਸੰਬੰਧੀ ਰਿਕਾਰਡਾਂ ਨੂੰ ਕਾਇਮ ਰੱਖਦੇ ਹੋ ਜਾਂ ਤੁਸੀਂ ਉਹਨਾਂ ਰਿਕਾਰਡਾਂ ਨੂੰ ਰਾਜ ਵਿੱਚ ਉਪਲਬਧ ਕਰਵਾ ਸਕਦੇ ਹੋ।

*ਗੈਰ-IFTA ਅਧਿਕਾਰ ਖੇਤਰਾਂ ਵਿੱਚ ਅਧਾਰਤ ਕੈਰੀਅਰ:* ਤੁਸੀਂ ਕੈਲੀਫੋਰਨੀਆ ਵਿੱਚ IFTA ਲਈ ਰਜਿਸਟਰ ਕਰਨ ਦੇ ਯੋਗ ਹੋ ਸਕਦੇ ਹੋ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ।

## IFTA ਲੀਜ਼ ਸਮਝੌਤਿਆਂ 'ਤੇ ਕੰਮ ਕਰਨ ਵਾਲੇ ਕੈਰੀਅਰਾਂ 'ਤੇ ਕਿਵੇਂ ਲਾਗੂ ਹੁੰਦਾ ਹੈ?

ਆਮ ਤੌਰ 'ਤੇ, ਅਸੀਂ ਵਾਹਨ ਦੇ ਮਾਲਕ ਨੂੰ ਈਧਨ ਟੈਕਸ ਦੀ ਰਿਪੋਰਟ ਕਰਨ ਅਤੇ ਭੁਗਤਾਨ ਕਰਨ ਲਈ ਜ਼ਿੰਮੇਵਾਰ ਠਹਿਰਾਵਾਂਗੇ।

ਹਾਲਾਂਕਿ, ਕੁਝ ਲੀਜ਼ ਸਮਝੌਤੇ ਇਹ ਨਿਸ਼ਚਿਤ ਕਰਦੇ ਹਨ ਕਿ ਕਿਹੜੀ ਪਾਰਟੀ—ਪਟੇ 'ਤੇ ਦੇਣ ਵਾਲਾ (ਮਾਲਕ) ਜਾਂ ਪਟੇਦਾਰ—ਈਧਨ ਟੈਕਸਾਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੋਵੇਗਾ। ਜ਼ਿੰਮੇਵਾਰ ਧਿਰ ਨੂੰ IFTA ਲਾਇਸੰਸ ਪਰ੍ਾਪਤ ਕਰਨਾ ਚਾਹੀਦਾ ਹੈ।

ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੌਣ IFTA ਲਾਇਸੰਸ ਪਰ੍ਾਪਤ ਕਰਦਾ ਹੈ, ਇੱਕ IFTA-ਲਾਇਸੰਸਸ਼ੁਦਾ ਵਾਹਨ ਦੇ ਡਰਾਈਵਰ ਕੋਲ ਲਾਇਸੰਸ ਦੀ ਇੱਕ ਕਾਪੀ ਹੋਣੀ ਚਾਹੀਦੀ ਹੈ ਅਤੇ ਵਾਹਨ ਨੂੰ IFTA decals ਦਿਖਾਉਣਾ ਚਾਹੀਦਾ ਹੈ। ਅਸੀਂ ਇਹ ਵੀ ਸਿਫ਼ਾਰਸ਼ ਕਰਦੇ ਹਾਂ ਕਿ ਲੀਜ਼ ਸਮਝੌਤੇ ਦੀ ਇੱਕ ਕਾਪੀ ਵਾਹਨ ਦੀ ਕੈਬ ਵਿੱਚ ਰੱਖੀ ਜਾਵੇ।

ਲੀਜ਼ ਸਮਝੌਤੇ ਦੇ ਤਹਿਤ ਚਲਾਏ ਜਾਣ ਵਾਲੇ ਵਾਹਨਾਂ ਲਈ ਰਜਿਸਟਰੇ੍ਸ਼ਨ ਸੰਬੰਧੀ ਜ਼ਰੂਰਤਾਂ ਵੱਖਰੀਆਂ ਹੋ ਸਕਦੀਆਂ ਹਨ। ਕਿਰਪਾ ਕਰਕੇ ਮਦਦ ਲਈ ਸਾਡੇ ਨਾਲ ਸੰਪਰਕ ਕਰੋ।

## ਮੈਂ ਕੈਲੀਫੋਰਨੀਆ IFTA ਲਾਇਸੰਸ ਲਈ ਕਿਵੇਂ ਅਪਲਾਈ ਕਰਾਂ?

ਤੁਸੀਂ *www.cdtfa.ca.gov* 'ਤੇ ਸਾਡੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਕੇ ਅਤੇ "ਰਜਿਸਟਰ ਕਰੋ" ਨੂੰ ਚੁਣ ਕੇ ਲਾਇਸੰਸ ਲਈ ਅਪਲਾਈ ਕਰ ਸਕਦੇ ਹੋ। ਆਨਲਾਈਨ ਰਜਿਸਟਰੇ੍ਸ਼ਨ ਰਜਿਸਟਰ ਕਰਨ ਦਾ ਸਭ ਤੋਂ ਸੁਵਿਧਾਜਨਕ ਤਰੀਕਾ ਹੈ ਅਤੇ ਇਹ ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤ ਦਿਨ ਉਪਲਬਧ ਹੈ। ਔਨਲਾਈਨ ਰਜਿਸਟਰੇ੍ਸ਼ਨ ਮੋਟਰ ਕੈਰੀਅਰ ਦਫ਼ਤਰ ਜਾਂ ਸਾਡੇ ਕਿਸੇ ਵੀ CDTFA ਦਫ਼ਤਰ ਵਿੱਚ ਵੀ ਉਪਲਬਧ ਹੈ।

## IFTA ਦੇ ਤਹਿਤ ਮੈਨੂੰ ਕਿਹੜੀਆਂ ਫੀਸਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ?

ਕੈਲੀਫੋਰਨੀਆ IFTA ਲਾਇਸੰਸ ਲਈ ਸਲਾਨਾ ਫੀਸ $10.00 ਹੈ। (ਜਿਵੇਂ ਕਿ ਪਹਿਲਾਂ ਨੋਟ ਕੀਤਾ ਗਿਆ ਹੈ, ਇੱਕ ਸਿੰਗਲ ਲਾਇਸੰਸ ਤੁਹਾਡੇ ਸਾਰੇ ਯੋਗ ਵਾਹਨਾਂ ਨੂੰ ਕਵਰ ਕਰਦਾ ਹੈ।) ਇਸਤੋਂ ਇਲਾਵਾ, ਸਾਲਾਨਾ IFTA ਡੈਕਲ ਲਈ $2.00 ਪਰ੍ਤੀ-ਸੈੱਟ ਚਾਰਜ ਹੈ। ਤੁਹਾਨੂੰ ਹਰੇਕ ਯੋਗ ਮੋਟਰ ਵਾਹਨ ਲਈ ਇੱਕ ਸੈੱਟ (ਦੋ ਡੇਕਲ) ਦੀ ਜ਼ਰੂਰਤ ਹੋਵੇਗੀ, ਜੋ ਤੁਸੀਂ IFTA ਅਧਿਕਾਰ ਖੇਤਰਾਂ ਵਿੱਚ ਚਲਾਉਂਦੇ ਹੋ।

## ਕੀ ਮੈਨੂੰ ਇੱਕ ਸੁਰੱਖਿਆ ਡਿਪੌਜ਼ਿਟ ਪੋਸਟ ਕਰਨ ਦੀ ਜ਼ਰੂਰਤ ਹੋਵੇਗੀ?

ਆਮ ਤੌਰ 'ਤੇ ਨਹੀਂ। ਹਾਲਾਂਕਿ, ਜੇਕਰ ਤੁਸੀਂ ਸਮੇਂ 'ਤੇ ਆਪਣੀਆਂ ਰਿਟਰਨ ਫਾਈਲ ਨਹੀਂ ਕਰਦੇ, ਸਮੇਂ 'ਤੇ ਫਿਊਲ ਟੈਕਸ ਦਾ ਭੁਗਤਾਨ ਨਹੀਂ ਕਰਦੇ, ਜਾਂ ਜੇਕਰ ਲੇਖੇ-ਜੋਖੇ ਸੰਬੰਧੀ ਟੈਕਸ ਰਿਪੋਰਟਿੰਗ ਦੀ ਸਮੱਸਿਆ ਦਾ ਸੰਕੇਤ ਮਿਲਦਾ ਹੈ, ਤਾਂ ਸਾਨੂੰ ਬਾਅਦ ਵਿੱਚ ਸੁਰੱਖਿਆ ਦੀ ਜ਼ਰੂਰਤ ਪੈ ਸਕਦੀ ਹੈ| ਜੇਕਰ ਤੁਸੀਂ ਕਿਸੇ ਹੋਰ ਅਧਿਕਾਰ ਖੇਤਰ ਵਿੱਚ ਇੱਕ IFTA ਲਾਇਸੰਸਧਾਰਕ ਸੀ, ਤਾਂ ਅਸੀਂ ਤੁਹਾਡੇ ਤੋਂ ਤੁਹਾਡੀ ਪਿਛਲੀ ਈਧਨ ਟੈਕਸ ਰਿਪੋਰਟਿੰਗ ਅਤੇ ਭੁਗਤਾਨ ਰਿਕਾਰਡ ਦੇ ਆਧਾਰ 'ਤੇ ਸੁਰੱਖਿਆ ਪੋਸਟ ਕਰਨ ਦੀ ਮੰਗ ਕਰ ਸਕਦੇ ਹਾਂ। ਇਸਤੋਂ ਇਲਾਵਾ, ਸਾਨੂੰ ਕੈਲੀਫੋਰਨੀਆ ਵਿੱਚ IFTA ਅਧੀਨ ਰਜਿਸਟਰ ਕਰਨ ਵਾਲੇ ਗੈਰ-IFTA ਅਧਿਕਾਰ ਖੇਤਰ ਵਿੱਚ ਸਥਿਤ ਕੈਰੀਅਰਾਂ ਤੋਂ ਸੁਰੱਖਿਆ ਜਮਹ੍ਹਾਂ ਦੀ ਜ਼ਰੂਰਤ ਪੈ ਸਕਦੀ ਹੈ।

## ਮੈਨੂੰ ਕਿਹੜੇ ਪਰ੍ਮਾਣ-ਪੱਤਰ ਮਿਲਣਗੇ?

ਅਸੀਂ ਤੁਹਾਨੂੰ ਤੁਹਾਡੇ ਕਾਰੋਬਾਰ ਲਈ ਇੱਕ ਕੈਲੀਫੋਰਨੀਆ IFTA ਲਾਇਸੰਸ ਅਤੇ ਹਰੇਕ ਯੋਗ ਮੋਟਰ ਵਾਹਨ ਲਈ ਦੋ ਡੈਕਲਸ ਭੇਜਾਂਗੇ। ਸਾਰੇ ਕੈਲੰਡਰ ਸਾਲ ਲਈ ਵੈਧ ਹਨ। ਤੁਹਾਨੂੰ ਆਪਣੇ ਲਾਇਸੰਸ ਨੂੰ ਰੀਨਿਊ ਕਰਨਾ ਚਾਹੀਦਾ ਹੈ ਅਤੇ ਹਰ ਸਾਲ ਨਵੇਂ ਡੈਕਲਸ ਦਾ ਆਰਡਰ ਕਰਨਾ ਚਾਹੀਦਾ ਹੈ।

## ਜੇਕਰ ਮੈਨੂੰ ਆਪਣੇ ਪਰ੍ਮਾਣ-ਪੱਤਰ ਪਰ੍ਾਪਤ ਕਰਨ ਤੋਂ ਪਹਿਲਾਂ ਯਾਤਰਾ ਕਰਨ ਦੀ ਜ਼ਰੂਰਤ ਹੋਵੇ, ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਆਪਣੇ IFTA ਪਰ੍ਮਾਣ-ਪੱਤਰ ਪਰ੍ਾਪਤ ਕਰਨ ਤੋਂ ਪਹਿਲਾਂ ਰਾਜ ਤੋਂ ਬਾਹਰ ਜਾਣ ਦੀ ਜ਼ਰੂਰਤ ਹੈ, ਤਾਂ ਤੁਹਾਨੂੰ IFTA ਅਧਿਕਾਰ ਖੇਤਰਾਂ ਵਿੱਚ ਯਾਤਰਾ ਕਰਨ ਅਤੇ ਕੈਲੀਫੋਰਨੀਆ ਵਾਪਸ ਜਾਣ ਲਈ ਫਿਊਲ ਟਿਰ੍ਪ ਪਰਮਿਟ ਖਰੀਦਣੇ ਚਾਹੀਦੇ ਹਨ। ਰਾਜ ਵਿੱਚ ਵਾਪਸ ਆਉਣ ਤੋਂ ਪਹਿਲਾਂ ਤੁਹਾਨੂੰ ਕੈਲੀਫੋਰਨੀਆ ਫਿਊਲ ਟਿਰ੍ਪ ਪਰਮਿਟ ਖਰੀਦਣਾ ਚਾਹੀਦਾ ਹੈ ਅਤੇ ਸਾਰੀ ਲੋੜੀਂਦੀ ਜਾਣਕਾਰੀ ਦਰਜ ਕਰਨੀ ਚਾਹੀਦੀ ਹੈ। ਤੁਸੀਂ *www.cdtfa.ca.gov* 'ਤੇ ਸਾਡੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਕੇ ਅਤੇ "ਰਜਿਸਟਰ ਕਰੋ" ਨੂੰ ਚੁਣ ਕੇ ਕੈਲੀਫੋਰਨੀਆ ਫਿਊਲ ਟਿਰ੍ਪ ਪਰਮਿਟ ਲਈ ਅਪਲਾਈ ਕਰ ਸਕਦੇ ਹੋ ਅਤੇ ਖਰੀਦ ਸਕਦੇ ਹੋ। ਜ਼ਿਆਦਾਤਰ ਬਿਨੈਕਾਰ ਆਪਣੀ ਬਿਨੈ-ਪੱਤਰ ਜਮਹ੍ਾ ਕਰਨ ਤੋਂ ਤੁਰੰਤ ਬਾਅਦ ਆਪਣਾ ਟਿਰ੍ਪ ਪਰਮਿਟ ਪਿਰ੍ੰਟ ਕਰ ਸਕਦੇ ਹਨ। ਜੇਕਰ ਤੁਹਾਨੂੰ ਸਹਾਇਤਾ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

## ਕੀ ਵੈਧ IFTA ਪਰ੍ਮਾਣ-ਪੱਤਰਾਂ ਜਾਂ ਫਿਊਲ ਟਿਰ੍ਪ ਪਰਮਿਟ ਤੋਂ ਬਿਨਾਂ ਯਾਤਰਾ ਕਰਨ ਲਈ ਜੁਰਮਾਨੇ ਹਨ?

ਹਾਂ। ਜੇਕਰ ਤੁਸੀਂ IFTA ਅਧਿਕਾਰ ਖੇਤਰ ਵਿੱਚ ਵੈਧ IFTA ਪਰ੍ਮਾਣ ਪੱਤਰਾਂ ਜਾਂ ਫਿਊਲ ਟਿਰ੍ਪ ਪਰਮਿਟ ਤੋਂ ਬਿਨਾਂ ਯਾਤਰਾ ਕਰਦੇ ਹੋ, ਤਾਂ ਤੁਸੀਂ ਅਧਿਕਾਰ ਖੇਤਰ ਦੇ ਕਾਨੂੰਨਾਂ ਦੇ ਆਧਾਰ 'ਤੇ ਪੈਨਲਟੀ, ਜੁਰਮਾਨਾ ਜਾਂ ਹਵਾਲਾ ਦੇ ਅਧੀਨ ਹੋ ਸਕਦੇ ਹੋ। ਜੇਕਰ ਤੁਸੀਂ ਇੱਕ ਵੈਧ ਕੈਲੀਫੋਰਨੀਆ ਫਿਊਲ ਟਿਰ੍ਪ ਪਰਮਿਟ ਜਾਂ IFTA ਪਰ੍ਮਾਣ ਪੱਤਰਾਂ ਤੋਂ ਬਿਨਾਂ ਕੈਲੀਫੋਰਨੀਆ ਵਿੱਚ ਦਾਖ਼ਲ ਹੁੰਦੇ ਹੋ, ਤਾਂ ਤੁਹਾਨੂੰ ਜੁਰਮਾਨਾ ਲੱਗ ਸਕਦਾ ਹੈ। ਜੁਰਮਾਨੇ ਦੀ ਰਕਮ $100 ਤੋਂ $500 ਜਾਂ ਇਸਤੋਂ ਵੱਧ ਦੀ ਸੀਮਾ ਹੈ, ਜੇਕਰ ਤੁਹਾਡੇ ਕੋਲ ਈਧਨ ਟੈਕਸ ਦਾ ਬਕਾਇਆ ਹੈ। ਤੁਹਾਨੂੰ ਫਿਊਲ ਟਿਰ੍ਪ ਪਰਮਿਟ ਖਰੀਦਣ ਦੀ ਵੀ ਜ਼ਰੂਰਤ ਹੋਵੇਗੀ ਅਤੇ ਤੁਹਾਡਾ ਵਾਹਨ ਜ਼ਬਤ ਕੀਤਾ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਵਾਹਨ ਉਦੋਂ ਤੱਕ ਜਾਰੀ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਤੁਸੀਂ ਰਾਜ ਦੇ ਬਕਾਏ ਸਾਰੇ ਪੈਸੇ ਦਾ ਭੁਗਤਾਨ ਨਹੀਂ ਕਰਦੇ, ਜਿਸ ਵਿੱਚ ਵਾਹਨ ਨੂੰ ਜ਼ਬਤ ਕਰਨ ਨਾਲ ਸੰਬੰਧਿਤ ਕੋਈ ਵੀ ਲਾਗਤ ਸ਼ਾਮਲ ਹੈ।

## IFTA ਰਿਪੋਰਟਾਂ ਦੀ ਅੰਤਿਮ ਮਿਤੀ ਕੀ ਹੈ?

IFTA ਰਿਟਰਨ ਅਤੇ ਭੁਗਤਾਨ ਤਿਮਾਹੀ ਦੇ ਬਕਾਇਆ ਹਨ। ਰਿਪੋਰਟਿੰਗ ਤਿਮਾਹੀ ਅਤੇ ਨਿਯਤ ਮਿਤੀਆਂ ਹਨ:

| ਰਿਪੋਰਟਿੰਗ ਤਿਮਾਹੀ | ਨਿਯਤ ਮਿਤੀ |
|---|---|
| ਜਨਵਰੀ – ਮਾਰਚ | ਅਪ੍ਰੈਲ 30 |
| ਅਪ੍ਰੈਲ – ਜੂਨ | ਜੁਲਾਈ 31 |
| ਜੁਲਾਈ – ਸਤੰਬਰ | ਅਕਤੂਬਰ 31 |
| ਅਕਤੂਬਰ – ਦਸੰਬਰ | ਜਨਵਰੀ 31 |

ਭਾਵੇਂ ਤੁਸੀਂ ਤਿਮਾਹੀ ਦੌਰਾਨ ਯਾਤਰਾ ਨਹੀਂ ਕੀਤੀ ਸੀ ਜਾਂ ਜੇਕਰ ਸਾਰੇ ਮੀਲਾਂ ਦੀ ਯਾਤਰਾ ਕੈਲੀਫੋਰਨੀਆ ਵਿੱਚ ਸੀ, ਤਾਂ ਵੀ ਤੁਹਾਨੂੰ ਰਿਟਰਨ ਫ਼ਾਈਲ ਕਰਨ ਦੀ ਜ਼ਰੂਰਤ ਹੈ।

ਤੁਸੀਂ *www.cdtfa.ca.gov* 'ਤੇ ਆਪਣੀ ਤਿਮਾਹੀ ਈਧਨ ਟੈਕਸ ਰਿਟਰਨ ਆਨਲਾਈਨ ਫ਼ਾਈਲ ਕਰ ਸਕਦੇ ਹੋ। ਸਾਰੇ IFTA ਰਿਟਰਨ ਔਨਲਾਈਨ ਫ਼ਾਈਲ ਕੀਤੇ ਜਾਣੇ ਚਾਹੀਦੇ ਹਨ ਅਤੇ ਕਿਸੇ ਵੀ ਬਕਾਇਆ ਰਕਮ ਨੂੰ ਸਮੇਂ ਸਿਰ ਮੰਨੀ ਜਾਣ ਵਾਲੀ ਮਿਤੀ ਨੂੰ 12:00 ਵਜੇ (ਅੱਧੀ ਰਾਤ) ਤੱਕ ਭੁਗਤਾਨ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਹਰੇਕ ਤਿਮਾਹੀ ਵਿੱਚ ਰਿਟਰਨ ਫ਼ਾਈਲ ਨਹੀਂ ਕਰਦੇ ਅਤੇ ਬਕਾਇਆ ਟੈਕਸ ਦਾ ਭੁਗਤਾਨ ਨਹੀਂ ਕਰਦੇ, ਤਾਂ ਤੁਹਾਨੂੰ ਪੈਨਲਟੀ ਅਤੇ ਵਿਆਜ ਸ਼ੁਲਕ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

ਹੋਰ...

## ਮੈਨੂੰ ਕਹਿੜੇ ਰਕਿਾਰਡਾਂ ਦੀ ਜ਼ਰੂਰਤ ਪਵੇਗੀ?

ਤੁਹਾਨੂੰ ਉਹ ਰਕਿਾਰਡ ਲਾਜ਼ਮੀ ਤੌਰ 'ਤੇ ਕਾਇਮ ਰੱਖਣੇ ਚਾਹੀਦੇ ਹਨ, ਜੋ ਤੁਹਾਡੇ IFTA ਤਮਿਾਹੀ ਟੈਕਸ ਰਟਿਰਨਾਂ 'ਤੇ ਪ੍ਰਦਾਨ ਕੀਤੀ ਸਾਰੀ ਜਾਣਕਾਰੀ ਦਾ ਢੁਕਵਾਂ ਸਮਰਥਨ ਕਰਨਗੇ।

ਆਮ ਤੌਰ 'ਤੇ, ਤੁਹਾਨੂੰ ਤੁਹਾਡੇ ਦੁਆਰਾ ਯਾਤਰਾ ਕੀਤੇ ਗਏ ਸਾਰੇ ਮੀਲਾਂ ਦੇ ਦਸਤਾਵੇਜ਼ ਬਣਾਉਣ ਲਈ ਰਕਿਾਰਡ ਰੱਖਣਾ ਚਾਹੀਦਾ ਹੈ— ਜਸਿ ਵੱਚਿ ਤੁਹਾਡੀ ਯਾਤਰਾ ਦੀ ਮਤਿੀ, ਯਾਤਰਾ ਦਾ ਰਸਤਾ, ਕੁੱਲ ਯਾਤਰਾ ਮੀਲ, ਅਤੇ ਹਰੇਕ ਅਧਕਿਾਰ ਖੇਤਰ ਵੱਚਿ ਯਾਤਰਾ ਕੀਤੇ ਗਏ ਮੀਲ ਸ਼ਾਮਲ ਹਨ। ਤੁਹਾਨੂੰ ਤੁਹਾਡੇ ਦੁਆਰਾ ਖਰੀਦੇ ਜਾਣ ਵਾਲੇ ਈਂਧਨ ਦੀਆਂ ਸਾਰੀਆਂ ਰਸੀਦਾਂ ਵੀ ਆਪਣੇ ਵਾਹਨਾਂ ਵੱਚਿ ਰੱਖਣੀਆਂ ਚਾਹੀਦੀਆਂ ਹਨ। ਜੇਕਰ ਤੁਸੀ ਬਲਕ ਈਂਧਨ ਸਟੋਰੇਜ ਸਹੂਲਤ ਨੂੰ ਬਰਕਰਾਰ ਰੱਖਦੇ ਹੋ, ਤਾਂ ਤੁਹਾਨੂੰ ਵਾਧੂ ਰਕਿਾਰਡ ਰੱਖਣਾ ਚਾਹੀਦਾ ਹੈ।

ਦੂਰੀ ਅਤੇ ਈਂਧਨ ਦੇ ਰਕਿਾਰਡਾਂ ਲਈ ਖਾਸ, ਵਸਿਤ੍ਰਤਿ ਜ਼ਰੂਰਤਾਂ ਨੂੰ ਸਾਡੇ ਪੰਜਾਬੀ ਵੱਚਿ ਉਪਲਬਧ, ਪ੍ਰਕਾਸ਼ਨ 50-PI, *ਅੰਤਰਰਾਸ਼ਟਰੀ ਈਂਧਨ ਟੈਕਸ ਸਮਝੌਤੇ ਲਈ ਗਾਈਡ* (ਪੰਜਾਬੀ ਵੱਚਿ ਉਪਲਬਧ, ਪ੍ਰਕਾਸ਼ਨ 50-PI, ਅੰਤਰਰਾਸ਼ਟਰੀ ਈਂਧਨ ਟੈਕਸ ਸਮਝੌਤੇ ਲਈ ਗਾਈਡ) ਪ੍ਰਕਾਸ਼ਨ *www.cdtfa.ca.gov* 'ਤੇ ਉਪਲਬਧ ਹੈ।

## ਹੋਰ ਜਾਣਕਾਰੀ ਲਈ

- CDTFA ਦੀ ਵੈੱਬਸਾਈਟ *www.cdtfa.ca.gov 'ਤੇ ਵਜ਼ਿਟਿ ਕਰੋ*
- CDTFA ਮੋਟਰ ਕੈਰੀਅਰ ਦਫ਼ਤਰ ਨੂੰ 1-916-373-3008 'ਤੇ ਕਾਲ ਕਰੋ
- CDTFA ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711) 'ਤੇ ਕਾਲ ਕਰੋ। ਵਸ਼ਿੇਸ਼ ਟੈਕਸ ਅਤੇ ਫੀਸ ਅਤੇ ਮੋਟਰ ਕੈਰੀਅਰ ਦਫ਼ਤਰ ਦੀ ਚੋਣ ਕਰੋ।

**ਟੈਕਸਪੇਅਰਜ਼ ਰਾਈਟਸ ਐਡਵੋਕੇਟ:** ਉਹਨਾਂ ਸਮੱਸਿਆਵਾਂ ਵੱਚਿ ਮਦਦ ਲਈ ਟੋਲ-ਫ੍ਰੀ ਕਾਲ ਕਰੋ, ਜਹਿਨਾਂ ਨੂੰ ਤੁਸੀ ਆਮ ਚੈਨਲਾਂ ਰਾਹੀਂ ਹੱਲ ਕਰਨ ਵੱਚਿ ਅਸਮਰੱਥ ਹੋ (ਉਦਾਹਰਨ ਲਈ, ਸੁਪਰਵਾਈਜ਼ਰ ਨਾਲ ਗੱਲ ਕਰਕੇ): 1-888-324-2798।